# ਮਾਈਗ੍ਰੇਸ਼ਨ (ਪਰਵਾਸ) ਫੈਸਲੇ ਦਾ ਫੈਡਰਲ ਮੈਜਿੱਸਟ੍ਰੇਟ ਕੋਰਟ (ਅਦਾਲਤ) ਵਲੋਂ ਰੀਵੀਓ

## ਇਹ ਕਿਤਾਬਚਾ ਕਿਸ ਲਈ ਹੈ?

ਇਹ ਕਿਤਾਬਚਾ ਉਨ੍ਹਾਂ ਲੋਕਾਂ ਲਈ ਹੈ ਜੋ ਚਾਹੁੰਦੇ ਹਨ ਕਿ ਅਸਟ੍ਰੇਲੀਆ ਦੀ ਫੈਡਰਲ ਮੈਜਿੱਸਟ੍ਰੇਟ ਕੋਰਟ (Federal Magistrates Court of Australia) ਵੀਸਾ ਸੰਬੰਧਿਤ ਫੈਸਲੇ ਦਾ ਰੀਵੀਊ ਕਰੇ।

## ਕੋਰਟ ਕਿਹੜੇ ਫੈਸਲਿਆਂ ਦਾ ਰੀਵੀਊ ਕਰ ਸਕਦੀ ਹੈ?

ਕੋਰਟ ਕੁਝ ਉਨ੍ਹਾਂ ਫੈਸਲਿਆਂ ਦਾ ਰੀਵੀਊ ਕਰ ਸਕਦੀ ਹੈ ਜਿਹੜੇ *ਮਾਈਗਰੇਸ਼ਨ ਐਕਟ 1958 (Migration Act 1958)* ਅਧੀਨ ਕੀਤੇ ਗਏ ਹਨ। ਮਾਈਗ੍ਰੇਸ਼ਨ ਐਕਟ ਅਧੀਨ ਫੈਸਲੇ ਲੈਣ ਦੀ ਜ਼ਿੰਮੇਵਾਰੀ ਲਈ ਇਮੀਗਰੇਸ਼ਨ ਐਂਡ ਸਿੱਟੀਜ਼ਨਸ਼ਿੱਪ ਮੰਤਰੀ, ਰਫਯੂਜੀ ਰੀਵੀਊ ਟ੍ਰਾਈਬਯੂਨਲ (Refugee Review Tribunal) ਅਤੇ ਮਾਈਗ੍ਰੇਸ਼ਨ ਰੀਵੀਊ ਟ੍ਰਾਈਬਯੂਨਲ (Migration Review Tribunal) ਦੇ ਮੈਂਬਰ ਹਨ।

ਕਿਸੇ ਕਾਨੂੰਨੀ ਅਧਿਕਾਰ ਗਲਤੀ ('jurisdictional error') ਦਾ ਪਤਾ ਕਰਨ ਲਈ ਹੀ ਕੋਰਟ ਕਿਸੇ ਫੈਸਲੇ ਦਾ ਰੀਵੀਊ ਕਰ ਸਕਦੀ ਹੈ। ਇਸ ਦਾ ਮਤਲਬ ਹੈ ਕਿ ਕੋਰਟ ਇਹ ਨਿਰਨਾ ਕਰੇਗੀ ਕਿ ਫੈਸਲਾ ਕਾਨੂਨ ਮੁਤਾਬਕ ਕੀਤਾ ਗਿਆ ਹੈ।

## ਕੋਰਟ ਕੀ ਕਰ ਸਕਦੀ ਹੈ?

ਤੁਹਾਡੀ ਰੀਵੀਊ ਅਰਜੀ ਸਫਲ ਹੋਣ ਤੇ ਕੋਰਟ ਤੁਹਾਡੀ ਕੇਸ ਉਨ੍ਹਾਂ ਲੋਕਾਂ ਦੇ ਹਵਾਲੇ ਦੁਬਾਰਾ ਕਰ ਸਕਦੀ ਹੈ ਜੋ ਇਹ ਫੈਸ਼ਲੇ ਲਈ ਜ਼ਿੰਮੇਵਾਰ ਹਨ। ਕੋਰਟ ਮੰਤਰੀ ਨੂੰ ਵੀ ਫੈਸਲੇ ਤੇ ਅਮਲ ਕਰਨ ਤੋਂ ਰੋਕ ਸਕਦੀ ਹੈ।

## ਕੋਰਟ ਕੀ ਨਹੀਂ ਕਰ ਸਕਦੀ?

ਕੋਰਟ ਤੁਹਾਡੀ ਅਰਜੀ ਦੇ ਅਧਾਰਾਂ (ਮੈਰਿਟਜ਼) ਤੇ ਦੁਬਾਰਾ ਵਿਚਾਰ ਨਹੀਂ ਕਰ ਸਕਦੀ ਅਤੇ ਨਾ ਹੀ ਇਸ ਗਲ ਤੇ ਕਿ ਤੁਹਾਨੂੰ ਵੀਜ਼ਾ ਦਿਤਾ ਜਾਣਾ ਚਾਹੀਦਾ ਹੈ ਜਾਂ ਨਹੀ।

## ਕੀ ਇਹ ਕੋਰਟ ਅਜ਼ਾਦ ਹੈ?

ਹਾਂ, ਇਹ ਕੋਰਟ ਉਨ੍ਹਾਂ ਲੋਕਾਂ ਤੋਂ ਅਜਾਦ ਹੈ ਜੋ ਮਾਈਗ੍ਰੇਸ਼ਨ ਐਕਟ ਅਧੀਨ ਫੈਸਲਾ ਕਰਦੇ ਹਨ।

## ਅਰਜੀ ਕੌਣ ਦੇ ਸਕਦਾ ਹੈ?

ਜੇ ਤੁਸੀਂ ਫੈਸਲੇ ਤੋਂ ਨਾਖੁਸ਼ ਹੋ ਅਤੇ ਤੁਹਾਡੇ ਖਿਆਲ ਅਨੁਸਾਰ ਕੋਈ ਕਾਨੂੰਨੀ ਅਧਿਕਾਰ ਗਲਤੀ ਹੋਈ ਹੈ, ਤਾਂ ਤੁਸੀਂ ਕੋਰਟ ਵਿਚ ਅਰਜੀ ਦਰਜ ਕਰ ਸਕਦੇ ਹੋ। ਆਪਣੀ ਅਰਜੀ ਦਰਜ ਕਰਨ ਤੋਂ ਪਹਿਲਾਂ ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

## ਕੀ ਇਹ ਕੋਰਟ ਸੁਣਵਾਈ ਗੁਪਤ (ਪ੍ਰਾਈਵੇਟ) ਹੁੰਦੀ ਹੈ?

ਆਮ ਤੌਰ ਤੇ, ਕੋਰਟ ਦੀਆਂ ਕਾਰਵਾਈਆਂ ਜਨਤਾ ਲਈ ਖੁਲੀਆਂ ਹੁੰਦੀਆਂ ਹਨ। ਜੇ ਤੁਹਾਡੀ ਕੇਸ ਪ੍ਰੋਟੈਕਸ਼ਨ ਵੀਜ਼ਾ ਫੈਸਲੇ ਨਾਲ ਸੰਬੰਧਿਤ ਹੈ, ਤਾਂ ਕੋਰਟ ਨੂੰ ਤੁਹਾਡੀ ਸ਼ਨਾਖਤ ਕਰਨ ਦਾ ਹੁਕਮ ਨਹੀਂ ਹੈ।

## ਕੀ ਸਮੇਂ ਦੀਆਂ ਪਾਬੰਦੀਆਂ ਵੀ ਲਾਗੂ ਹੁੰਦੀਆਂ ਹਨ?

ਮਾਈਗਰੇਸ਼ਨ ਫੈਸਲੇ ਤੋਂ ਜਾਣੂ ਕਰਵਾਏ ਜਾਣ ਦੇ 35 ਦਿਨ੍ਹਾਂ ਦੇ ਅੰਦਰ ਅੰਦਰ ਤੁਹਾਨੂੰ ਆਪਣੀ ਅਰਜੀ ਰੀਵੀਊ ਲਈ ਦਰਜ ਕਰ ਦੇਣੀ ਚਾਹੀਦੀ ਹੈ। ਕੋਰਟ ਇਸ ਸਮੇਂ ਨੂੰ ਵਧਾ ਵੀ ਸਕਦੀ ਹੈ। ਜੇ ਤੁਹਾਨੂੰ ਵਧੇਰੇ ਸਮਾਂ ਚਾਹੀਦਾ ਹੋਵੇ, ਤਾਂ ਇਸ ਵਾਧੇ ਦੀ ਮੰਗ ਤੁਹਾਨੂੰ ਅਰਜੀ ਵਿਚ ਕਰਨੀ ਚਾਹੀਦੀ ਹੈ ਅਤੇ ਇਸ ਮੰਗ ਦੇ ਕਾਰਨ ਵੀ ਦਸਣੇ ਚਾਹੀਦੇ ਹਨ।

## ਮੈਨੂੰ ਕਿਹੜੇ ਫਾਰਮ ਚਾਹੀਦੇ ਹਨ?

ਕਿਸੇ ਫੈਸਲੇ ਦਾ ਰੀਵੀਊ ਕਰਨ ਦੀ ਮੰਗ ਲਈ, ਤੁਹਾਨੂੰ ਇਹ ਪੂਰੇ ਕਰਨੇ ਚਾਹੀਦੇ ਹਨ:

- ਇਕ ਅਰਜੀ, ਅਤੇ
- ਇਕ ਹਲਫਨਾਮਾ (affidavit)।

ਇਹ ਦਸਤਾਵੇਜ਼ ਤੁਹਾਨੂੰ ਇਥੋਂ ਮਿਲ ਸਕਦੇ ਹਨ **www.fmc.gov.au** ਜਾਂ ਤੁਹਾਡੇ ਨੇੜਲੀ ਕਿਸੇ ਕੋਰਟ ਰਜਿਸਟਰੀ (court registry) ਤੋਂ।

ਤੁਹਾਡੀ ਅਰਜੀ ਵਿਚ ਉਸ ਕਾਨੂੰਨੀ ਅਧਿਕਾਰ ਗਲਤੀ ਦੀ ਸ਼ਨਾਖਤ ਕਰਨ ਦੀ ਜ਼ਰੂਰਤ ਹੈ, ਜਿਹੜੀ ਤੁਸੀਂ ਸਮਝਦੇ ਹੋ ਕਿ ਫੈਸਲਾ ਕਰਨ ਵਾਲੇ ਨੇ ਕੀਤੀ ਹੈ। ਤੁਹਾਡੇ ਹਲਫਨਾਮੇ ਵਿਚ, ਤੁਹਾਨੂੰ ਉਸ ਗਲਤੀ ਸੰਬੰਧਿਤ ਸਾਰੇ ਤੱਤ ਅਤੇ ਪਰਿਸਥਿਤੀਆਂ ਸਪੱਸ਼ਟ ਕਰਨ ਦੀ ਲੋੜ ਹੈ। ਆਪਣੇ ਹਲਫਨਾਮੇ ਨਾਲ ਰੀਵੀਊ ਕੀਤੇ ਜਾਣ ਵਾਲੇ ਫੈਸਲੇ ਦਾ ਉਤਾਰਾ (ਕਾਪੀ) ਅਤੇ ਫੈਸਲੇ ਸੰਬੰਧਿਤ ਕੋਈ ਵੀ ਬਿਆਨ (ਸਟੇਟਮੈਂਟ) ਆਦਿ ਵੀ ਨੱਥੀ ਕਰਨ ਦੀ ਲੋੜ ਹੈ।

## ਇਹ ਫਾਰਮ ਮੈਂਨੂੰ ਕਿਸ ਨੂੰ ਦੇਣੇ ਚਾਹੀਦੇ ਹਨ?

ਆਪਣੀ ਅਰਜੀ ਪੂਰੀ ਕਰਨ ਬਾਅਦ ਤੁਹਾਨੂੰ ਇਹ ਅਤੇ ਇਸ ਦੀ ਸਹਾਇਕ ਦਸਤਾਵੇਜ਼ ਕੋਰਟ ਵਿਚ ਦਰਜ ਕਰਨ ਦੀ ਲੋੜ ਹੈ। ਦਰਜ ਕਰਨ ਤੋਂ ਬਾਅਦ, ਤੁਹਾਨੂੰ ਆਪਣੀ ਅਰਜੀ ਦੀ ਇਕ ਬੰਦ ਕਾਪੀ ਅਤੇ ਸਹਾਇਕ ਦਸਤਾਵੇਜ਼ ਮੰਤਰੀ ਨੂੰ ਦੇਣ ਦੀ ਲੋੜ ਹੈ ਅਤੇ ਤਕਰੀਬਨ ਸਾਰੀਆਂ ਕੇਸਾਂ ਵਿਚ ਉਸ ਟ੍ਰਾਈਬਯੂਨਲ ਨੂੰ ਵੀ ਜਿਸ ਨੇ ਫੈਸਲਾ ਕੀਤਾ ਸੀ। ਇਸ ਕਾਰਵਾਈ ਨੂੰ ਸਰਵਿੱਸ ਆਫ ਡਾਕਯੂਮੈਂਟਜ਼ (service of documents) ਕਿਹਾ ਜਾਂਦਾ ਹੈ।

ਤੁਸੀਂ ਇਹ ਦਸਤਾਵੇਜ਼ ਮੰਤਰੀ ਨੂੰ ਡੀਪਾਰਟਮੈਂਟ ਆਫ ਇਮੀਗਰੇਸ਼ਨ ਐਂਡ ਸਿੱਟੀਜ਼ਨਸ਼ਿੱਪ (Department of Immigration and Citizenship) ਰਾਹੀਂ ਭੇਜ ਸਕਦੇ ਹੋ। ਇਸ ਮਹਿਕਮੇਂ ਦੇ ਦਫਤਰ ਹਰ ਇਕ ਕੇਂਦਰੀ ਸ਼ਹਿਰ ਵਿਚ ਹਨ। ਮਹਿਕਮੇਂ ਦਾ ਪਤਾ ਲੈਣ ਲਈ **www.immi.gov.au** ਤੇ ਜਾਓ ਜਾਂ ਮਹਿਕਮੇਂ ਨੂੰ ਇਸ ਨੰਬਰ ਤੇ ਫੋਨ ਕਰੋ 131 881

## ਕੋਰਟ ਦੀ ਸੁਣਵਾਈ ਵੇਲੇ ਕੀ ਹੁੰਦਾ ਹੈ?

ਕੋਰਟ ਤੁਹਾਡੀ ਸੁਣਵਾਈ ਲਈ ਤਾਰੀਖ ਅਤੇ ਸਮਾਂ ਨਿਯੁਕਤ ਕਰੇਗੀ। ਕੋਰਟ ਦੀ ਪਹਿਲੀ ਤਾਰੀਖ ਸਮੇਂ ਕੋਰਟ ਇਹ ਹੁਕਮ ਜਾਂ ਨਿਰਦੇਸ਼ ਦੇ ਸਕਦੀ ਹੈ:

- ਤੁਰੰਤ ਸੁਣਵਾਈ
- ਦੂਜੀ ਜਾਂ ਆਖਰੀ ਸੁਣਵਾਈ ਦੀ ਤਾਰੀਖ
- ਰੋਕ ਜਾਂ ਅੰਤਰਿਮ (ਅਸਥਾਈ) ਹੁਕਮ
- ਦਰੁਸਤ ਜਾਂ ਵਧੇਰੇ ਦਸਤਾਵੇਜ਼ ਫਾਇਲ ਕਰਨਾ।

ਜੇ ਕੋਰਟ ਆਖਰੀ ਸੁਣਵਾਈ ਤੋਂ ਪਹਿਲਾਂ ਤੁਰੰਤ ਜਾਂ ਦੂਜੀ ਸੁਣਵਾਈ ਦੇ ਹੁਕਮ ਦਿੰਦੀ ਹੈ, ਤਾਂ ਕੋਰਟ ਤੁਹਾਡੇ ਕੋਲੋਂ ਇਹ ਮੰਗ ਕਰ ਸਕਦੀ ਹੈ ਕਿ ਤੁਸੀਂ ਇਹ ਸਾਬਤ ਕਰੋ ਕਿ ਤੁਹਾਡੀ ਕੇਸ ਬਹਿਸਣਯੋਗ (arguable case) ਕੇਸ ਹੈ। ਜੇ ਤੁਸੀਂ ਇਹ ਸਾਬਤ ਨਹੀਂ ਕਰ ਸਕਦੇ ਕਿ ਤੁਹਾਡੀ ਕੇਸ ਬਹਿਸਣਯੋਗ ਹੈ, ਤਾਂ ਕੋਰਟ ਤੁਹਾਡੀ ਅਰਜੀ ਨੂੰ ਆਖਰੀ ਸੁਣਵਾਈ ਤੋਂ ਬਗੈਰ ਹੀ ਬਰਖਾਸਤ ਕਰ ਸਕਦੀ ਹੈ।

ਹਰ ਇਕ ਕੋਰਟ ਦੀ ਸੁਣਵਾਈ ਦੌਰਾਨ ਕੋਰਟ ਤੁਹਾਨੂੰ ਕੇਸ ਸੰਬੰਧਿਤ ਵਿਸ਼ਿਆਂ ਨੂੰ ਸੰਬੋਧਨ ਕਰਨ ਦਾ ਮੌਕਾ ਦੇਵੇਗੀ। ਜੇ ਤੁਸੀਂ ਵਕੀਲ ਕੀਤਾ ਹੈ ਤਾਂ ਉਹ ਤੁਹਾਡੇ ਲਈ ਬਹਿਸ ਕਰੇਗਾ। ਮੰਤਰੀ ਵਲੋਂ ਇਕ ਵਕੀਲ ਹਾਜਰ ਹੋਵੇਗਾ, ਅਤੇ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਕੋਰਟ ਵਿਚ ਦਿਤੇ ਬਿਆਨਾਂ ਦਾ ਉਤਰ ਦੇਣ ਦਾ ਮੌਕਾ ਦਿਤਾ ਜਾਵੇਗਾ। ਤੁਹਾਨੂੰ ਹਰ ਇਕ ਸੁਣਵਾਈ ਵੇਲੇ ਕੋਰਟ ਵਿਚ ਹਾਜਰ ਹੋਣਾ ਪਵੇਗਾ ਬਸ਼ਰਤੇ ਕਿ ਕੋਰਟ ਵਲੋਂ ਤੁਹਾਨੂੰ ਨਾ ਪੇਸ਼ ਹੋਣ ਦੀ ਆਗਿਆ ਦਿਤੀ ਗਈ ਹੋਵੇ।

ਕਈ ਵਾਰ ਕੋਰਟ ਆਪਣਾ ਫੈਸਲਾ ਆਖਰੀ ਸੁਣਵਾਈ ਦੇ ਅੰਤ ਵਿਚ ਸੁਣਾ ਦਿੰਦੀ ਹੈ। ਨਹੀਂ ਤਾਂ ਤੁਹਾਨੂੰ ਸੂਚਿਤ ਕੀਤਾ ਜਾਵੇਗਾ ਕਿ ਕਿਸ ਤਾਰੀਖ ਨੂੰ ਕੋਰਟ ਆਪਣਾ ਫੈਸਲਾ ਦੇਵੇਗੀ।

## ਦੋ ਭਾਸ਼ੀਆਂ ਬਾਰੇ?

ਤੁਸੀਂ ਦੋ ਭਾਸ਼ੀਆ ਟੈਲੀਫੋਨ ਸੇਵਾ ਨੂੰ 131 450 ਤੇ ਫੋਨ ਕਰਕੇ ਕੋਰਟ ਨਾਲ ਸੰਪਰਕ ਕਰ ਸਕਦੇ ਹੋ। ਜੇ ਤੁਹਾਨੂੰ ਕੋਰਟ ਸੁਣਵਾਈ ਸਮੇਂ ਦੋ ਭਾਸ਼ੀਏ ਦੀ ਲੋੜ ਹੈ, ਤਾਂ ਤੁਹਾਨੂੰ ਆਪਣੀ ਅਰਜੀ ਵਿਚ ਇਸ ਬਾਰੇ ਦੱਸਣਾ ਪਵੇਗਾ।

## ਕੀ ਮੈਨੂੰ ਕੋਈ ਪੈਸੇ ਵੀ ਦੇਣੇ ਪੈਣਗੇ?

ਤੁਹਾਨੂੰ ਆਪਣੀ ਅਰਜੀ ਦਰਜ ਕਰਨ ਸਮੇਂ ਫੀਸ ਦੇਣੀ ਪਵੇਗੀ ਅਤੇ ਆਖਰੀ ਸੁਣਵਾਈ ਸਮੇਂ ਵੀ ਹੋਰ ਫੀਸ। ਕੁਝ ਕੇਸਾਂ ਵਿਚ ਫੀਸ ਨਹੀਂ ਦੇਣੀ ਪੈਂਦੀ। ਜੇ ਤੁਹਾਨੂੰ ਫੀਸਾਂ ਬਾਰੇ ਹੋਰ ਜਾਣਕਾਰੀ ਚਾਹੀਦੀ ਹੈ, ਤਾਂ ਕੋਰਟ ਰਜਿਸਟਰੀ ਦੇ ਕਰਮਚਾਰੀਆਂ ਨਾਲ ਗਲ ਕਰੋ।

ਕੋਰਟ ਵਲੋਂ ਤੁਹਾਡੀ ਅਰਜੀ ਬਰਖਾਸਤ ਕੀਤੀ ਜਾਣ ਤੇ ਤੁਹਾਨੂੰ ਮਹਿਕਮੇਂ ਦੀ ਕਾਨੂੰਨੀ ਕਾਰਵਾਈ ਦਾ ਖਰਚਾ ਦੇਣਾ ਪੈ ਸਕਦਾ ਹੈ। ਜੇ ਤੁਸੀਂ ਆਪਣੀ ਕੇਸ ਸੁਣਵਾਈ ਤੋਂ ਬਿਨ੍ਹਾਂ ਹੀ ਰੋਕ ਲੈਂਦੇ ਹੋ, ਤਾਂ ਆਮ ਤੌਰ ਤੇ ਤੁਹਾਨੂੰ ਮਹਿਕਮੇਂ ਦੀ ਕਾਨੂੰਨੀ ਸੁਣਵਾਈ ਦੇ ਖਰਚੇ ਦੀ ਘੱਟ ਫੀਸ ਦੇਣੀ ਪਵੇਗੀ।

## ਮੈਂ ਆਪਣੀ ਕੇਸ ਵਾਪਸ ਲੈ ਸਕਦਾ/ਸਕਦੀ ਹਾਂ?

ਹਾਂ। ਜੇ ਤੁਹਾਡੀ ਆਖਰੀ ਸੁਣਵਾਈ ਵਿਚ 14 ਦਿਨ੍ਹਾਂ ਤੋਂ ਘੱਟ ਸਮਾਂ ਹੈ, ਤਾਂ ਤੁਹਾਨੂੰ ਆਪਣੀ ਕੇਸ ਵਾਪਸ ਲੈਣ ਲਈ ਕੋਰਟ ਤੋਂ ਹੁਕਮ ਲੈਣਾ ਪਵੇਗਾ।

## ਕੀ ਮੈਂਨੂੰ ਕਾਨੂੰਨੀ ਸਲਾਹ ਦੀ ਜ਼ਰੂਰਤ ਹੈ?

ਤੁਹਾਨੂੰ ਆਪਣੀ ਅਰਜੀ ਬਾਰੇ ਛੇਤੀ ਤੋਂ ਛੇਤੀ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ। ਤਹਾਨੂੰ ਕਿਸੇ ਲੀਗਲ ਏਡ ਆਫਿਸ ਜਾਂ ਕਮਯੂਨਿੱਟੀ ਲੀਗਲ ਸੈਂਟਰ ਤੋਂ ਵੀ ਸ਼ਾਇਦ ਮੁਫਤ ਸਲਾਹ ਮਿਲ ਸਕਦੀ ਹੈ। ਨਹੀਂ ਤਾਂ ਤੁਹਾਨੂੰ ਆਪਣਾ ਵਕੀਲ ਕਰਨਾ ਪਵੇਗਾ ਜਿਸ ਲਈ ਤੁਹਾਨੂੰ ਉਸ ਦੀ ਸੇਵਾ ਲਈ ਅਦਾਇਗੀ ਕਰਨੀ ਪਵੇਗੀ।

ਇਹ ਕਿਤਾਬਚੇ ਦੁਆਰਾ ਜਨਰਲ ਜਾਣਕਾਰੀ ਹੀ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਇਸ ਦੁਆਰਾ ਕਾਨੂੰਨੀ ਸਲਾਹ ਨਹੀਂ ਪ੍ਰਦਾਨ ਕੀਤੀ ਜਾਂਦੀ। ਜੇ ਤੁਹਾਨੂੰ ਕੋਈ ਕਾਨੂੰਨੀ ਸਮੱਸਿਆ ਹੈ, ਤਾਂ ਕੋਈ ਫੈਸਲਾ ਕਰਨ ਤੋਂ ਪਹਿਲਾਂ ਜਾਂ ਕੋਰਟ ਵਿਚ ਅਰਜੀ ਦਰਜ ਕਰਨ ਤੋਂ ਪਹਿਲਾਂ ਕਿਸੇ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਫੈਡਰਲ ਮੈਜਿੱਸਟ੍ਰੇਟ ਕੋਰਟ (Federal Magistrates Court) ਕਾਨੂੰਨੀ ਸਲਾਹ ਨਹੀਂ ਦੇ ਸਕਦੀ ਹੈ।